**Publication**: Jugbani **Edition:** Chandigarh **Date:** 1st October 2014

# 'ਅਨੁਸ਼ਾਸਨ, ਜਨੂਨ ਤੇ ਤਕਨੀਕ ਨਾਲ ਹੀ ਹੁੰਦੀ ਹੈ ਚੰਗੇ ਸ਼ੈਅ ਦੀ ਪਛਾਣ'

ਚੰਡੀਗੜ੍ਹ, 30 ਸਤੰਬਰ (ਪੂਜਾ)- ਅਨੁਸ਼ਾਸਨ, ਜਨੂਨ ਤੇ ਤਕਨੀਕ ਨਾਲ ਹੀ ਹੁੰਦੀ ਹੈ ਚੰਗੇ ਸ਼ੈਅ ਦੀ ਪਛਾਣ। ਇਹ ਕਹਿਣਾ ਹੈ ਅੰਤਰਰਾਸ਼ਟਰੀ ਸ਼ੈਅ ਕ੍ਰਿਸਟੋਫਰ ਕੋਏਟਕੇ ਵਾਈਸ ਪ੍ਰੈਜ਼ੀਡੈਂਟ ਕੈਂਡਲ ਕਾਲਜ ਸਕੂਲ ਆਫ ਕਲਨਰੀ ਆਰਟਸ ਦਾ, ਜੋ ਮੰਗਲਵਾਰ ਨੂੰ ਮਾਸਟਰ ਕਲਾਸ ਦੀ ਮੇਜ਼ਬਾਨੀ ਲਈ ਜੇ. ਡਬਲਯੂ. ਮੈਰਿਏਟ ਪਹੁੰਚੇ। ਇਸ ਮੌਕੇ ਕ੍ਰਿਸਟੋਫਰ ਨੇ ਕਲਨਰੀ ਆਰਟਸ ਬਾਰੇ ਸਿੱਖਿਆ ਦਿੱਤੀ ਤੇ ਇਸ 'ਚ ਕਰੀਅਰ ਸਬੰਧੀ ਵੱਖ-ਵੱਖ ਮੌਕਿਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ। ਸ਼ੈਅ ਕੋਏਟਕੇ ਨੇ ਇੰਟਰੀਕੇਟ ਡੱਕ ਰੈਸਿਪੀ ਨੂੰ ਤਿਆਰ ਕਰਨ ਬਾਰੇ ਦੱਸਿਆ। ਅਮਰੀਕਾ ਦੇ ਅਪਰ ਮਿਡਵੈਸਟ ਦੇ ਫਲੇਵਰਸ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ, ਜਿਨ੍ਹਾਂ ਵਿਚ ਮੈਪਲ, ਵਾਇਲਡ ਰਾਇਸ ਤੇ ਅਲੱਗ ਵਿਅੰਜਨ ਚਾਊ ਚਾਊ ਬਾਰੇ ਦੱਸਿਆ। ਉਨ੍ਹਾਂ ਨੇ ਜਾਣੀ-ਪਛਾਣੀ ਵਿਅੰਜਨ ਵਿਧੀਆਂ ਨੂੰ ਹਾਈ ਤੇ ਗਲੋਬਲ ਤਕਨੀਕਾਂ ਨਾਲ ਮਿਲ ਕੇ ਪੇਸ਼ ਕੀਤਾ, ਜਿਸ ਵਿਚ ਅਨੁਸ਼ਾਸਨ, ਜਨੂਨ, ਤਕਨੀਕ, ਮੌਸਮ, ਅੰਤਰਰਾਸ਼ਟਰੀ, ਸਥਾਨਕ ਨਿਰਭਰਤਾ, ਕਾਰੋਬਾਰੀ ਸਮਝ ਤੇ ਕਲਾਤਮਿਕ ਸਿਧਾਂਤ ਸ਼ਾਮਲ ਹੈ।



ਕੇ. ਐੱਸ. ਰਾਣਾ

## Master Class with the International Chef